Alberta

ਨਿਊਜ਼ ਰਿਲੀਜ਼

# ਰਿਕਵਰੀ ਮਹੀਨਾਂ: ਮਿਨਿਸਟਰ ਵਿਲੀਅਮਜ਼

1 ਸਤੰਬਰ 2024 ਮੀਡੀਆ ਇੰਨਕੁਆਰੀਆਂ

## ਡੈਨ ਵਿਲੀਅਮਜ਼, ਮਿਨਿਸਟਰ ਆਫ ਮੈਂਟਲ ਹੈਲਥ ਐਂਡ ਅਡਿਕਸ਼ਨ ਨੇ ਰਿਕਵਰੀ ਮਹੀਨੇਂ ਵਾਸਤੇ ਹੇਠ ਲਿਖਿਆ ਬਿਆਨ ਜਾਰੀ ਕੀਤਾ:

"ਪਿਛਲੇ ਛੇ ਸਾਲਾਂ ਤੋਂ ਐਲਬਰਟਾ ਸਰਕਾਰ ਰਿਕਵਰੀ ਮਹੀਨਾਂ ਮਨਾਉਂਦੀ ਆਉਂਦੀ ਹੈ। ਇਸ ਸਤੰਬਰ ਮਹੀਨੇਂ ਅਸੀਂ ਉੱਚਾ ਕਰਕੇ ਇਹ ਸੁਨੇਹਾ ਦੇ ਰਹੇ ਹਾਂ ਕਿ ਰਿਕਵਰੀ/ਠੀਕ ਹੋ ਸਕਣਾ ਸੰਭਵ ਹੈ, ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਮਾਨਸਿਕ ਸਿਹਤ ਜਾਂ ਨਸ਼ੇੜੀਪੁਣੇ ਦੀ ਕਿਹੜੀ ਚੁਣੌਤੀ ਦਾ ਸਾਹਮਣਾ ਕਰ ਰਹੇ ਹੋ।

" ਪਿਛਲੀ ਵਾਰੀ ਸਾਡੇ ਵੱਲੋਂ ਰਿਕਵਰੀ ਮਹੀਨਾਂ ਮਨਾਏ ਜਾਣ ਤੋਂ ਲੈ ਕੇ ਹੁਣ ਤੱਕ, ਐਲਬਰਟਾ ਰਿਕਵਰੀ ਮਾਡਲ ਨੂੰ ਉਸਾਰਨ ਵਾਸਤੇ ਮਹੱਤਵਪੂਰਨ ਕੰਮ ਕੀਤਾ ਜਾ ਚੁੱਕਾ ਹੈ। ਪਹਿਲਾਂ ਹੀ ਨਸ਼ੇੜੀਪੁਣੇ ਦੇ ਇਲਾਜ ਦੀਆਂ 10,000 ਤੋਂ ਵਧੇਰੇ ਨਵੀਂਆਂ ਆਸਾਮੀਆਂ ਨੂੰ ਫੰਡ ਕਰ ਚੁੱਕਣ ਅਤੇ ਵਰਚੂਅਲ ਓਪੀਆਇਡ ਡਿਪੈਂਡੈਂਸੀ ਪ੍ਰੋਗਰਾਮ 'ਚ ਵਿਸਥਾਰ ਲਿਆਉਣ ਸਮੇਤ, ਐਲਬਰਟਾ ਸਰਕਾਰ ਨੇ ਹੁਣ ਤਿੰਨ ਰਿਕਵਰੀ ਕਮਿਊਨਿਟੀਆਂ ਖੋਲ੍ਹੀਆਂ ਹਨ, ਜਦ ਕਿ ਅੱਠ ਹੋਰ ਖੁੱਲ੍ਹਣ ਜਾ ਰਹੀਆਂ ਹਨ।

“ਕੇਵਲ ਕੁਝ ਕੁ ਮਹੀਨੇਂ ਪਹਿਲਾਂ, ਅਸੀਂ ਬੱਚਿਆਂ ਅਤੇ ਨੌਜੁਆਨਾਂ ਲਈ ਮਾਨਸਿਕ ਸਿਹਤ ਸੇਵਾਵਾਂ 'ਚ ਕਿਸੇ ਵੀ ਸਮੇਂ ਹੋਣ ਵਾਲੇ ਸਭ ਤੋਂ ਵੱਡੇ ਵਿਸਤਾਰ ਦਾ ਐਲਾਨ ਕੀਤਾ ਹੈ। ਰਿਕਵਰੀ ਹਰੇਕ ਵਾਸਤੇ ਵੱਖਰੀ ਦਿੱਸੇਗੀ, ਪਰੰਤੂ ਮੁਢਲਾ ਨਿਸ਼ਾਨਾਂ ਉਹੋ ਹੀ ਰਹਿੰਦਾ ਹੈ: ਲੋਕਾਂ ਨੂੰ ਆਪਣੀਆਂ ਜ਼ਿੰਦਗੀਆਂ ਨੂੰ ਮੁੜ-ਉਸਾਰਨ ਅਤੇ ਹਰੇਕ ਦਿਨ ਸੰਤੁਸ਼ਟੀ ਅਤੇ ਜ਼ਿੰਦਗੀ ਦਾ ਉਦੇਸ਼ ਭਾਲਣ ਦਾ ਮੌਕਾ ਦੇਣਾ।

“ਅਸੀਂ ਜਿਹੜਾ ਕੰਮ ਕਰ ਰਹੇ ਹਾਂ ਅਤੇ ਜਿਹੜੀਆਂ ਭਾਈਵਾਲੀਆਂ ਅਸੀਂ ਉਸਾਰ ਰਹੇ ਹਾਂ, ਉਨ੍ਹਾਂ ਉੱਪਰ ਸਾਨੂੰ ਬਹੁਤ ਫ਼ਖ਼ਰ ਹੈ। ਦੁਨੀਆਂ ਸਾਡੇ ਵੱਲ ਵੇਖ ਰਹੀ ਹੈ, ਜਦੋਂ ਅਸੀਂ ਕਿਸੇ ਵੀ ਹੋਰ ਖੇਤਰ/ਸੂਬੇ ਤੋਂ ਵੱਖਰੀ ਤਰ੍ਹਾਂ, ਇਲਾਜ ਅਤੇ ਰਿਕਵਰੀ ਲਈ ਸੇਵਾਵਾਂ 'ਚ ਵਿਸਤਾਰ ਕਰਦੇ ਹਾਂ। ਜਦੋਂ ਕਿ ਹੋਰ ਸੂਬਿਆਂ 'ਚ ਗਿਣਤੀ ਵੱਡੇ ਰੂਪ 'ਚ ਵੱਧ ਰਹਿੰਦੀ ਹੈ, ਐਲਬਰਟਾ ਨੇ ਹੁਣੇ ਜਹੇ ਮਈ 2024 'ਚ ਬੀਤੇ ਚਾਰ ਸਾਲਾਂ ਤੋਂ ਵਧੇਰੇ ਸਮੇਂ ਦੌਰਾਨ ਓਪੀਆਇਡ/ਨਸ਼ੇ ਨਾਲ ਸਬੰਧਤ ਮੌਤਾਂ ਦੀ ਸਭ ਤੋਂ ਘੱਟ ਮਾਸਿਕ ਗਿਣਤੀ ਨੂੰ ਦਰਸਾਇਆ ਹੈ। ਇਹ ਉਸਾਰੂ ਪ੍ਰਕਾਰ ਦਾ ਰੁਝਾਨ ਦਰਸਾ ਰਿਹਾ ਹੈ ਕਿ ਸਹੀ ਸਾਂਭ-ਸੰਭਾਲ ਅਤੇ ਸਹਾਇਤਾ ਨਾਲ ਰਿਕਵਰੀ ਸੰਭਵ ਹੈ।

Classification: Public

"ਜੇਕਰ ਤੁਸੀਂ ਜਾਂ ਕੋਈ ਜਿਸਨੂੰ ਤੁਸੀਂ ਪਿਆਰ ਕਰਦੇ ਹੋ ਉਹ, ਨਸ਼ੇੜੀਪੁਣੇ ਤੋਂ ਪੀੜਤ ਹੈ ਜਾਂ ਮਾਨਸਿਕ ਸਿਹਤ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਤਾਂ ਪਹੁੰਚ ਕਰਨ 'ਚ ਦੇਰੀ ਨਾ ਕਰੋ। ਐਲਬਰਟਾ 211, ਦਿ ਵਰਚੁਅਲ ਓਪੀਆਇਡ ਡਿਪੈਂਡੈਂਸੀ ਪ੍ਰੋਗਰਾਮ ਜਾਂ ਕਾਊਂਸਲਿੰਗ ਐਲਬਰਟਾ ਨੂੰ ਫੋਨ ਕਰਨ ਦੁਆਰਾ ਮਦਦ ਉਪਲਬਧ ਹੈ। ਇੰਨ੍ਹਾਂ 'ਚੋਂ ਹਰ ਕੋਈ ਤੁਹਾਡੀ ਰਿਕਵਰੀ ਦੇ ਸਫਰ 'ਚ ਸਹਾਇਤਾ ਵਾਸਤੇ ਤੁਹਾਨੂੰ ਸਹੀ ਪ੍ਰਕਾਰ ਦੀ ਸਾਂਭ-ਸੰਭਾਲ ਨਾਲ ਜੋੜ ਸਕਦਾ ਹੈ।”

## ਸਬੰਧਤ ਜਾਣਕਾਰੀ

- ਰਿਕਵਰੀ ਐਲਬਰਟਾ
- ਐਲਬਰਟਾ 'ਚ ਹੈਲਥ ਕੇਅਰ 'ਤੇ ਪੁਨਰ-ਫੋਕਸ ਕਰਨਾਂ
- ਐਲਬਰਟਾ ਰਿਕਵਰੀ ਮਾਡਲ

## ਸਬੰਧਤ ਖਬਰਾਂ

- ਰਿਕਵਰੀ ਐਲਬਰਟਾ ਵੱਲੋਂ 1 ਸਤੰਬਰ ਤੋਂ ਆਪਣਾ ਆਪਰੇਸ਼ਨ ਸ਼ੁਰੂ ਕਰਨਾਂ (30 ਅਗਸਤ 2024)
- ਪੁਨਰ-ਫੋਕਸ ਕੀਤੇ ਮੈਂਟਲ ਹੈਲਥ,ਅਡਿਕਸ਼ਨ ਕੇਅਰ 'ਚ ਅਗਲੇ ਕਦਮ (11 ਜੂਨ 2024)
- ਪੁਨਰ-ਫੋਕਸ ਕੀਤੇ ਸਿਹਤ ਸਿਸਟਮ ਦੀ ਬੁਨਿਆਦ ਰੱਖਣਾ (14 ਮਈ 2024)
- ਹੈਲਥ ਕੇਅਰ ਪੁਨਰ-ਫੋਕਸ ਕਰਨਾਂ: ਮੈਂਟਲ ਹੈਲਥ ਐਂਡ ਅਡਿਕਸ਼ਨ (2 ਅਪਰੈਲ 2024)

## ਮੀਡੀਆ ਇੰਨਕੁਆਰੀਆਂ


### Hunter Baril

780-619-5774
ਪ੍ਰੈੱਸ ਸੈਕਰੇਟਰੀ, ਮੈਂਟਲ ਹੈਲਥ ਐਂਡ ਅਡਿਕਸ਼ਨ


Classification: Public